BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਸਿਟੀ 1 ਸਤੰਬਰ ਤੋਂ ਬਜ਼ੁਰਗਾਂ ਲਈ $15 ਦੇ ਬ੍ਰੈਂਪਟਨ ਟ੍ਰਾਂਜ਼ਿਟ ਪਾਸ ਦੀ ਸ਼ੁਰੂਆਤ ਕਰੇਗੀ

ਬ੍ਰੈਂਪਟਨ, ਓਨਟੈਰੀਓ (5 ਜੁਲਾਈ, 2019) – ਅੱਜ ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਦੇ ਵੱਲੋਂ, ਮੇਅਰ ਪੈਟਰਿਕ ਬ੍ਰਾਊਨ ਨੇ ਬਜ਼ੁਰਗਾਂ ਲਈ $15 ਦੇ ਬ੍ਰੈਂਪਟਨ ਟ੍ਰਾਂਜ਼ਿਟ ਪਾਸ ਦੀ ਸ਼ੁਰੂਆਤ ਕਰਨ ਦੀ ਘੋਸ਼ਣਾ ਕੀਤੀ।

ਦੇਸ਼ ਵਿੱਚ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ ਸੇਵਾ ਦਿੰਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) 65 ਸਾਲ ਅਤੇ ਇਸਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ $15 ਦਾ ਛੋਟ ਵਾਲਾ ਮਾਸਿਕ ਪਾਸ ਪੇਸ਼ ਕਰ ਰਿਹਾ ਹੈ। ਛੋਟ ਵਾਲਾ ਮਾਸਿਕ ਪਾਸ ਬ੍ਰੈਂਪਟਨ ਟ੍ਰਾਂਜ਼ਿਟ ਦੇ ਸਾਰੇ ਟਰਮੀਨਲਾਂ ਅਤੇ ਫੈਸਿਲਿਟੀਜ਼ ਵਿਖੇ 6 ਅਗਸਤ ਤੋਂ ਵਿਕਰੀ ਲਈ ਉਪਲਬਧ ਹੋਵੇਗਾ ਅਤੇ ਬਜ਼ੁਰਗ 1 ਸਤੰਬਰ ਤੋਂ ਆਪਣਾ ਛੋਟ ਵਾਲਾ ਪਾਸ ਵਰਤਣਾ ਸ਼ੁਰੂ ਕਰ ਸਕਦੇ ਹਨ।

6 ਅਗਸਤ ਤੋਂ ਸ਼ੁਰੂ ਕਰਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ ਬਜ਼ੁਰਗਾਂ ਨੂੰ ਉਹਨਾਂ ਦੇ ਬ੍ਰੈਂਪਟਨ ਟ੍ਰਾਂਜ਼ਿਟ ਸੀਨੀਅਰ ਆਈ.ਡੀ. (ID) ਕਾਰਡ, PRESTO ਕਾਰਡ ਪ੍ਰਾਪਤ ਕਰਨ ਅਤੇ ਉਹਨਾਂ ਦਾ ਸੀਨੀਅਰਸ ਬ੍ਰੈਂਪਟਨ ਟ੍ਰਾਂਜ਼ਿਟ (Seniors Brampton Transit) ਪਾਸ ਖਰੀਦਣ ਲਈ ਸਿਟੀ ਹਾਲ (City Hall) ਅਤੇ ਗੋਰ ਮੇਡੋਜ਼ ਕਮਿਉਨਿਟੀ ਸੈਂਟਰ (Gore Meadows Community Centre) ਵਿਖੇ ਅਸਥਾਈ ਸਥਾਨ ਖੋਲ੍ਹੇਗੀ।

ਮਾਸਿਕ ਪਾਸ ਨਾਲ ਬਜ਼ੁਰਗ ਉਸ ਕੈਲੰਡਰ ਮਹੀਨੇ ਦੇ ਦੌਰਾਨ ਅਸੀਮਿਤ ਯਾਤਰਾ ਕਰ ਸਕਣਗੇ। ਟ੍ਰਾਂਜ਼ਿਟ ਪਾਸ ਪ੍ਰਾਪਤ ਕਰਨ ਲਈ, ਬ੍ਰੈਂਪਟਨ ਦੇ ਬਜ਼ੁਰਗਾਂ ਕੋਲ ਇੱਕ ਵੈਧ ਬ੍ਰੈਂਪਟਨ ਟ੍ਰਾਂਜ਼ਿਟ ਬਜ਼ੁਰਗ ਪਛਾਣ ਕਾਰਡ ਅਤੇ PRESTO ਕਾਰਡ ਹੋਣਾ ਲਾਜ਼ਮੀ ਹੈ।

ਬ੍ਰੈਂਪਟਨ ਦੇ ਬਜ਼ੁਰਗਾਂ ਲਈ $1 ਦਾ ਨਕਦੀ ਕਿਰਾਇਆ ਵੀ 1 ਸਤੰਬਰ ਤੋਂ ਸ਼ੁਰੂ ਕਰਦੇ ਹੋਏ PRESTO 'ਤੇ ਉਪਲਬਧ ਹੋਵੇਗਾ। ਬਜ਼ੁਰਗਾਂ ਲਈ ਨਿਯਮਿਤ ਹਫ਼ਤਾਵਾਰ ਅਤੇ ਮਾਸਿਕ ਪਾਸ ਹੁਣ ਉਪਲਬਧ ਨਹੀਂ ਹੋਣਗੇ।

ਬ੍ਰੈਂਪਟਨ ਟ੍ਰਾਂਜ਼ਿਟ ਪੁੱਜਣਯੋਗ ਟ੍ਰਾਂਜ਼ਿਟ ਮੁਹੱਈਆ ਕਰਨ ਲਈ ਵਚਨਬੱਧ ਹੈ। ਬ੍ਰੈਂਪਟਨ 2040 ਵਿਜ਼ਨ (Brampton 2040 Vision) ਲਈ ਟਰਮ ਆਫ ਕਾਉਂਸਿਲ ਪ੍ਰਾਇਰੀਟੀਜ਼ (Term of Council Priorities) ਤੇ ਅਧਾਰਿਤ, ਸਟਾਫ 2020 ਦੀ ਬਜਟ ਪ੍ਰਕਿਰਿਆ ਦੇ ਦੌਰਾਨ ਕਾਉਂਸਿਲ ਨੂੰ ਇੱਕ ਰਿਪੋਰਟ ਪੇਸ਼ ਕਰੇਗਾ, ਜਿਸ ਵਿੱਚ ਬ੍ਰੈਂਪਟਨ ਦੇ ਬਜ਼ੁਰਗਾਂ ਲਈ ਮੁਫ਼ਤ ਕਿਰਾਏ ਲਾਗੂ ਕਰਨ ਦੇ ਵਿਕਲਪ ਸ਼ਾਮਲ ਹੋਣਗੇ।

ਪੂਰੇ ਵੇਰਵਿਆਂ ਲਈ, ਇੱਥੇ ਕਲਿੱਕ ਕਰੋ (click here)।

**ਹਵਾਲੇ**

"ਬ੍ਰੈਂਪਟਨ ਦੇ 2040 ਵਿਜ਼ਨ ਅਤੇ ਹਰੇ-ਭਰੇ ਸ਼ਹਿਰ ਦੇ ਨਿਰਮਾਣ ਦੇ ਪ੍ਰਤੀ ਆਪਣੇ ਸਫਰ ਨੂੰ ਜਾਰੀ ਰੱਖਦੇ ਹੋਏ, ਅਸੀਂ ਨਾ ਸਿਰਫ਼ ਕੁਸ਼ਲ ਟ੍ਰਾਂਜ਼ਿਟ ਸੇਵਾ, ਬਲਕਿ ਡ੍ਰਾਈਵਿੰਗ ਲਈ ਭਰੋਸੇਯੋਗ ਵਿਕਲਪ ਮੁਹੱਈਆ ਕਰਨ ਲਈ ਵੀ ਵਚਨਬੱਧ ਹਾਂ। ਸਾਡਾ ਉਦੇਸ਼ 2020 ਵਿੱਚ ਬਜ਼ੁਰਗਾਂ ਲਈ ਮੁਫ਼ਤ ਟ੍ਰਾਂਜ਼ਿਟ ਲਾਗੂ ਕਰਨ ਦਾ ਹੈ। ਸਾਡੇ ਬਜ਼ੁਰਗਾਂ ਨੇ ਸਾਡੇ ਭਾਈਚਾਰੇ ਦਾ ਨਿਰਮਾਣ ਕੀਤਾ ਹੈ, ਅਤੇ ਇਹੀ ਮੁਨਾਸਬ ਹੈ ਕਿ ਉਹਨਾਂ ਨੂੰ ਟ੍ਰਾਂਜ਼ਿਟ ਪਾਸਾਂ 'ਤੇ ਬ੍ਰੇਕ ਮਿਲੇ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

“ਬ੍ਰੈਂਪਟਨ ਟ੍ਰਾਂਜ਼ਿਟ ਸਮੁੱਚੀ ਸੇਵਾ ਕੁਆਲਿਟੀ ਅਤੇ ਗਾਹਕ ਅਨੁਭਵ ਨੂੰ ਵਧਾਉਣ ਦੇ ਪ੍ਰਤੀ ਲਗਾਤਾਰ ਕੰਮ ਕਰ ਰਿਹਾ ਹੈ। ਬ੍ਰੈਂਪਟਨ ਦੇ ਬਜ਼ੁਰਗਾਂ ਲਈ ਇਹ ਨਵਾਂ ਪਾਸ ਪੇਸ਼ ਕਰਨਾ, ਸਾਡੇ 2019 ਦੇ ਕਸਟਮਰ ਚਾਰਟਰ ਵਿੱਚ ਕਈ ਆਈਟਮਾਂ ਵਿੱਚੋਂ ਇੱਕ ਹੈ, ਜਿਹਨਾਂ ਨੂੰ ਹਾਸਲ ਕਰਨ ਲਈ ਅਸੀਂ ਵਚਨਬੱਧ ਹਾਂ। ਅਸੀਂ ਸਾਡੇ ਬਜ਼ੁਰਗ ਨਿਵਾਸੀਆਂ ਨੂੰ ਟ੍ਰਾਂਜ਼ਿਟ ਦੀ ਸਵਾਰੀ ਕਰਨ ਅਤੇ ਸਾਡੀਆਂ ਬੱਸਾਂ ਲੈਣ ਦੀ ਸਹੂਲਤ ਦਾ ਅਨੁਭਵ ਲੈਣ ਲਈ ਉਤਸ਼ਾਹਿਤ ਕਰਦੇ ਹਾਂ।”

- *ਐਲੇਕਸ ਮਿਲੋਜੇਵਿਕ (Alex Milojevic), ਜਨਰਲ ਮੈਨੇਜਰ, ਟ੍ਰਾਂਜ਼ਿਟ*

“ਬ੍ਰੈਂਪਟਨ ਸਿਟੀ ਕਾਉਂਸਿਲ ਨੇ 2050 ਤੱਕ ਸਿਟੀ ਵਿੱਚ ਪੈਦਾ ਹੋਣ ਵਾਲੀਆਂ ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ 80% ਤੱਕ ਘਟਾਉਣ ਦਾ ਟੀਚਾ ਤੈਅ ਕੀਤਾ ਹੈ। ਕਿਉਂਕਿ ਅਸੀਂ ਵਾਤਾਵਰਣ ਸਬੰਧੀ ਅਨੁਕੂਲਿਤ ਬਿਹਤਰ ਨੀਤੀਆਂ ਅਤੇ ਤਕਨੀਕਾਂ ਦੀ ਯੋਜਨਾਬੰਦੀ ਅਤੇ ਸ਼ੁਰੂਆਤ ਕਰਨ ਦੇ ਪ੍ਰਤੀ ਕੰਮ ਕਰਦੇ ਹਾਂ, ਇਹ ਸ਼ੁਰੂਆਤ ਕਰਨ ਦੀ ਵਧੀਆ ਥਾਂ ਹੈ – ਵੱਧ ਤੋਂ ਵੱਧ ਟ੍ਰਾਂਜ਼ਿਟ ਵਿੱਚ ਸਫ਼ਰ ਕਰੋ ਅਤੇ ਕਾਰਾਂ ਤੇ ਨਿਰਭਰਤਾ ਨੂੰ ਘਟਾਓ। $15 ਦੇ ਨਵੇਂ ਮਾਸਿਕ ਪਾਸ ਨਾਲ, ਮੈਂ ਸਾਡੇ ਬਜ਼ੁਰਗਾਂ ਨੂੰ ਉਤਸ਼ਾਹਿਤ ਕਰਦੀ ਹਾਂ ਕਿ ਉਹ ਘਰੋਂ ਬਾਹਰ ਨਿੱਕਲ ਕੇ ਕਿਰਿਆਸ਼ੀਲ ਜ਼ਿੰਦਗੀ ਦਾ ਅਨੰਦ ਮਾਣਨ। ਇਹ ਇਸ ਬਾਰੇ ਮੁੜ ਵਿਚਾਰ ਕਰਨ ਦਾ ਸ਼ਾਨਦਾਰ ਮੌਕਾ ਹੈ ਕਿ ਤੁਸੀਂ ਸ਼ਹਿਰ ਵਿੱਚ ਕਿਵੇਂ ਸਫ਼ਰ ਕਰਦੇ ਹੋ ਅਤੇ ਲੋਕਾਂ, ਥਾਵਾਂ ਅਤੇ ਕਾਰਜਕਰਮਾਂ ਨਾਲ ਜੁੜਦੇ ਹੋ।”

- *ਕਾਉਂਸਲਰ ਰੋਏਨਾ ਸੈਨਟੋਸ (Rowena Santos), ਚੇਅਰ, ਕਮਿਉਨਿਟੀ ਸਰਵਿਸਿਜ਼*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca